ੴ ਸਤਿਗੁਰ ਪ੍ਰਸਾਦਿ ॥

[stamp] ... LIBRARY
G.T.B. GURDWARA
106 EAST PARK ROAD
LEICESTER
TEL (0116) 276 0517

ਟ੍ਰੈਕਟ ਨੰ: 128

# ਕੇਸ ਤੇ ਦਸਤਾਰ

ਪ੍ਰਕਾਸ਼ਕ

ਗੁਰਮਤਿ ਪ੍ਰਚਾਰ ਸਭਾ
ਪਟਿਆਲਾ

| ਮਾਰਚ | ਸੰਮਤ ਖਾਲਸਾ | ਪਹਿਲੀ ਵਾਰ |
|---|---|---|
| 1999 | 300 | 20,000 |

ਆਪ ਪੜ੍ਹ ਕੇ ਹੋਰਨਾਂ ਨੂੰ ਵੀ ਪੜ੍ਹਾਓ ਜੀ ।

# ਸੂਚਨਾ

ਡਾ: ਤੇਜਿੰਦਰ ਸਿੰਘ ਜੀ ਦੀ ਲਿਖੀ ਪੁਸਤਕ ਹਰ ਗੁਰਸਿੱਖ ਦੇ ਪੜ੍ਹਣ ਜੋਗ ਹੈ । ਇਸ ਦੀ 12ਵੀਂ ਐਡੀਸ਼ਨ ਵਧੀਆ ਕਾਗਜ਼ ਉਤੇ ਮੋਟੇ ਅੱਖਰਾਂ ਵਿਚ ਛਾਪੀ ਗਈ ਹੈ । ਜਿਲਦ ਗੱਤੇ ਵਾਲੀ, ਵਧੀਆ ਸੈੱਟਅੱਪ । ਭੇਟਾ 40/- ਰੁ: ਰਿਆਇਤੀ ਮੁੱਲ ਡਾਕ ਖਰਚ ਸਮੇਤ = 25/-

2. ਕੇਸ ਕਿਉਂ ? ਇੱਕ ਉੱਤਰ (ਡਾ: ਤੇਜਿੰਦਰ ਸਿੰਘ) = 7/-
3. ਅਬਿਨਾਸ਼ੀ ਲੀਲ੍ਹਾ (ਰੂਹਾਂ ਸੰਬੰਧੀ ਜਾਣਕਾਰੀ) = 7/-
4. ਸਿਮਰਨ ਕਿਦਾਂ ਕਰੀਏ ? = 5/-
5. ਜਾਪੁ ਸਾਹਿਬ ਸੰਖੇਪ ਅਰਥਾਂ ਸਹਿਤ = 5/-
6. ਜਪੁਜੀ, ਰਹਿਰਾਸ, ਸੋਹਿਲਾ ਤੇ ਅਰਦਾਸ ਕੁਝ ਸ਼ੁੱਧ ਉਚਾਰਨ ਸੰਕੇਤਾਂ ਸਹਿਤ, ਮੋਟੇ ਅੱਖਰਾਂ 'ਚ = 4/-
7. ਕੁਝ ਸੱਚੀਆਂ ਵਾਰਤਾਵਾਂ ਨੰ: 1, 2, 3, 4 ਹਰ ਇੱਕ ਦੀ ਭੇਟਾ = 2/-
8. ਸੇਈ ਪਿਆਰੇ ਮੇਲਿ = 4/-
9. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਮਰਿਯਾਦਾ = 3/-
10. ਨਗਰ ਕੀਰਤਨ ਸਮੇਂ ਜਾਂ ਪ੍ਰਭਾਤ ਫੇਰੀਆਂ ਸਮੇਂ ਪੜ੍ਹੇ ਜਾਣ ਵਾਲੇ ਸ਼ਬਦਾਂ ਦਾ ਗੁਟਕਾ = 1/-

ਇਹ ਅਤੇ ਇਸ ਤਰ੍ਹਾਂ ਹਰ ਮਹੀਨੇ ਛਪਣ ਵਾਲੇ ਟ੍ਰੈਕਟ 50/- ਰੁ: ਸੈਂਕੜਾ ਦੇ ਹਿਸਾਬ ਮੰਗਵਾਉਣ ਲਈ ਭੇਟਾ ਭਾ: ਸੁਖਬੀਰ ਸਿੰਘ ਗੁਰਮਤਿ ਪ੍ਰਚਾਰ ਸਭਾ, ਗਲੀ ਨੰ: 8, ਗੁਰਬਖਸ਼ ਕਾਲੋਨੀ, ਪਟਿਆਲਾ-147003 ਨੂੰ ਭੇਟਾ ਭੇਜ ਕੇ ਮੰਗਵਾ ਸਕਦੇ ਹੋ । ਮਨੀਆਰਡਰ ਕੂਪਨ ਤੇ ਨਾਂ ਪਤਾ ਤੇ ਵੇਰਵਾ ਜ਼ਰੂਰ ਲਿਖੋ ਜੀ ।

A.S. Computer Graphics, Pta. Ph.:307348

# ਕੇਸ ਤੇ ਦਸਤਾਰ

ਬ੍ਰਿਟਿਸ਼ ਇੰਮਪੀਰੀਅਲ ਵਾਰ ਮਿਊਜ਼ੀਅਮ ਲੰਡਨ ਨੂੰ ਜਦ ਇਹ ਲੇਖਕ (ਸ: ਸਰੂਪ ਸਿੰਘ ਅਲੱਗ) ਕਾਫ਼ੀ ਸਾਲ ਪਹਿਲੇ ਵੇਖ ਰਿਹਾ ਸੀ ਤਾਂ ਉਸ ਵਿਚ ਇੱਕ ਝਾਕੀ ਅਜਿਹੀ ਵੀ ਵੇਖਣ ਨੂੰ ਮਿਲੀ ਜਿਸ ਵਿਚ ਪੂਰੇ ਕਦ ਦੇ ਪੂਰੀ ਤਰ੍ਹਾਂ ਲੈਸ ਸਿੱਖ ਫ਼ੌਜੀ, ਅੰਗਰੇਜ਼ ਫ਼ੌਜੀਆਂ ਨਾਲ ਰਲ ਕੇ ਅਫ਼ਗਾਨਾਂ ਨਾਲ ਜੰਗ ਕਰਦੇ ਦਿਖਾਏ ਜਾ ਰਹੇ ਹਨ। ਅੰਗਰੇਜ਼ਾਂ ਦੇ ਸਿਰਾਂ ਤੇ ਗੋਲੀਆਂ ਅਤੇ ਬੰਬਾਂ ਤੋਂ ਬਚਣ ਲਈ ਲੋਹ ਟੋਪ ਹਨ, ਪਰ ਸਿੱਖਾਂ ਦੇ ਸਿਰਾਂ ਤੇ ਕੇਵਲ ਦਸਤਾਰਾਂ ਹੀ ਸਨ।

ਜਦ ਲੇਖਕ ਨੇ ਅਜਾਇਬ ਘਰ ਦੇ ਇੰਚਾਰਜ ਤੋਂ ਪੁਛਿਆ ਕਿ ਕੀ ਸਿੱਖਾਂ ਨੇ ਆਪਣੀਆਂ ਦਸਤਾਰਾਂ ਉਤੇ ਲੋਹ ਟੋਪ ਪਾਉਣ ਤੋਂ ਇਨਕਾਰ ਕੀਤਾ ਸੀ ਜਾਂ ਉਨ੍ਹਾਂ ਨੂੰ ਇਹ ਦਿੱਤੇ ਹੀ ਨਹੀਂ ਸਨ ਗਏ ? ਇਸ ਦੇ ਉੱਤਰ ਵਿਚ ਅਜਾਇਬ ਘਰ ਦੇ ਉਸ ਜ਼ਿਮੇਵਾਰ ਵਿਅਕਤੀ ਨੇ ਇਸ ਨੁਕਤੇ ਤੇ ਰੋਸ਼ਨੀ ਪਾਉਂਦਿਆਂ ਦੱਸਿਆ ਕਿ ਸਿੱਖਾਂ ਨੂੰ ਅੰਗਰੇਜ਼ ਹਾਕਮਾਂ ਵੱਲੋਂ ਹਦਾਇਤ ਕੀਤੀ ਗਈ ਸੀ ਕਿ ਉਹ ਸਿਰਾਂ ਤੇ ਲੋਹ ਟੋਪ ਪਾ ਲੈਣ। ਕਿਉਂਕਿ ਪਹਾੜੀ ਇਲਾਕਾ ਹੋਣ ਕਾਰਨ ਗੋਲੀਆਂ ਤੇ ਬੰਬ ਪਹਾੜੀਆਂ ਉਤੋਂ ਵੀ ਵਰ੍ਹਦੇ ਹਨ ਜੋ ਸਿਰਾਂ ਵਿਚ ਲੱਗਣ ਤੇ ਫੌਜੀ ਦੀ ਮੌਤ ਹੋ ਜਾਂਦੀ ਹੈ। ਪਰ ਸਿੱਖਾਂ ਨੇ ਮੌਤ ਦੀ ਪ੍ਰਵਾਹ

ਨਾ ਕਰਦਿਆਂ ਹੋਇਆਂ ਜੰਗ ਵਿਚ ਲੋਅ ਟੋਪ ਪਾਉਣਾ 'ਕੇਸਾਂ ਤੇ ਦਸਤਾਰ ਦੀ ਬੇਅਦਮੀ ਸਮਝਿਆ।

ਅੰਗਰੇਜ਼ਾਂ ਨੇ ਇਸ ਗੱਲ ਦੀ ਪ੍ਰੋੜਤਾ ਵਿਚ ਕਿਹਾ ਕਿ ਲੋਹ ਟੋਪ ਨਾ ਪਾਉਣ ਕਾਰਨ ਇਸ ਪਹਾੜੀ ਇਲਾਕੇ ਵਿਚ ਕਾਫ਼ੀ ਮਾਤਰਾ ਵਿਚ ਸਿੱਖ ਫ਼ੌਜੀ ਮਰ ਰਹੇ ਹਨ ਤੇ ਸਰਕਾਰ ਪਾਸ ਇਨ੍ਹਾਂ ਦੇ ਪਰਵਾਰਾਂ ਨੂੰ ਪੈਨਸ਼ਨ ਦੇਣ ਲਈ ਮੁਨਾਸਬ ਧਨ ਮੌਜੂਦ ਨਹੀਂ। ਇਸ ਦੇ ਉੱਤਰ ਵਿਚ ਸਿੱਖ ਫ਼ੌਜੀਆਂ ਨੇ ਅੰਗਰੇਜ਼ ਅਧਿਕਾਰੀਆਂ ਨੂੰ ਲਿਖ ਕੇ ਦਿੱਤਾ ਕਿ ਉਹ ਸਰਬ ਸੰਮਤੀ ਨਾਲ ਵਚਨ ਕਰਦੇ ਹਨ ਕਿ ਜੇਕਰ ਉਨ੍ਹਾਂ ਦੇ ਸਿਰਾਂ ਵਿਚ ਗੋਲੀਆਂ ਲਗਣ ਕਾਰਨ ਉਨ੍ਹਾਂ ਦੀ ਮੌਤ ਹੋ ਜਾਵੇ ਤਾਂ ਉਹ ਪੈਨਸ਼ਨ ਕਲੇਮ ਕਰਨ ਦੇ ਹੱਕਦਾਰ ਨਹੀਂ ਹੋਣਗੇ। ਪਰ ਉਹ ਕਿਸੇ ਹਾਲਤ ਵਿੱਚ ਵੀ ਇਹ ਬਰਦਾਸ਼ਤ ਨਹੀਂ ਕਰ ਸਕਦੇ ਕਿ ਉਨ੍ਹਾਂ ਦੇ ਸਿਰਾਂ ਤੇ ਸਜੀਆਂ ਦਸਤਾਰਾਂ ਉੱਤੇ ਲੋਹ ਟੋਪ ਪਾਏ ਜਾਣ। ਕਿਉਂਕਿ ਉਨ੍ਹਾਂ ਲਈ ਗੁਰੂ ਦੀਆਂ ਹਦਾਇਤਾਂ ਤੇ ਚੱਲਣਾ ਜ਼ਿੰਦਗੀ ਨਾਲੋਂ ਵੱਧ ਪਿਆਰਾ ਤੇ ਕੀਮਤ ਹੈ।

ਆਫ਼ਰਰੀਨ ਹੈ! ਕਿਸ ਜਜ਼ਬੇ ਨਾਲ ਸਿੱਖਾਂ ਨੇ ਦਸਤਾਰ ਦੀ ਸ਼ਾਨ ਬਰਕਰਾਰ ਰੱਖੀ। ਪਾਠਕਾਂ ਦੀ ਦਿਲਚਸਪੀ ਤੇ ਜਾਣਕਾਰੀ ਖਾਤਰ ਇੱਥੇ ਇੱਕ ਹੋਰ ਘਟਨਾ ਵੀ ਦਰਜ ਕੀਤੀ ਜਾਂਦੀ ਹੈ ਜਿਸ ਦਾ ਸੰਬੰਧ ਦਸਤਾਰ ਨਾਲ ਹੈ।

ਇੰਗਲੈਂਡ ਦੇ ਇੱਕ ਸ਼ਹਿਰ ਵੂਲਰਹੈਂਪਟਨ ਵਿਖੇ ਪੜ੍ਹਦੇ

ਇੱਕ ਸਿੱਖ ਬੱਚੇ ਕੁਲਵਿੰਦਰ ਸਿੰਘ ਨੂੰ ਸਕੂਲ ਵਿਚੋਂ 1977-78 ਵਿਚ ਇਸ ਲਈ ਕੱਢ ਦਿੱਤਾ ਗਿਆ, ਕਿਉਂਕਿ ਉਸ ਨੇ ਸਕੂਲ ਦੀ ਵਰਦੀ ਦੇ ਨਾਲ ਸਿਰ ਤੇ ਦਸਤਾਰ ਸਜਾਈ ਹੋਈ ਸੀ, ਜਿਹੜੀ ਸਕੂਲ ਅਧਿਕਾਰੀਆਂ ਅਨੁਸਾਰ ਵਰਦੀ ਦੀ ਸ਼ੋਭਾ ਵਿਗਾੜਦੀ ਸੀ। ਬੱਚੇ ਨੇ ਹੈਡਮਾਸਟਰ ਨੂੰ ਬੇਨਤੀ ਕੀਤੀ ਕਿ ਸਕੂਲ ਵਲੋਂ ਨਿਸ਼ਚਿਤ ਸਾਰੀ ਵਰਦੀ ਉਸ ਪਾਈ ਹੋਈ ਹੈ ਅਤੇ ਨਾਲ ਹੀ ਹੈਡਮਾਸਟਰ ਤੋਂ ਕਿਤੇ ਉੱਚੇ ਤੇ ਪਵਿੱਤਰ ਗੁਰੂ ਦੇ ਹੁਕਮ ਦੇ ਤਾਬੇ ਉਸਨੇ ਗੁਰੂ ਵੱਲੋਂ ਨਿਰਧਾਰਿਤ ਵਰਦੀ ਭਾਵ ਦਸਤਾਰ ਤੇ ਕੇਸ ਵੀ ਸਜਾਏ ਹੋਏ ਹਨ, ਜਿਸ ਤੇ ਹੈਡਮਾਸਟਰ ਸਾਹਿਬ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ। ਪਰ ਹੈਡਮਾਸਟਰ ਨੇ 6ਵੀਂ ਵਿੱਚ ਪੜ੍ਹਦੇ ਇਸ ਬੱਚੇ ਦੀ ਕੋਈ ਗੱਲ ਨਾ ਸੁਣੀ ਤੇ ਪੂਰੀ ਤਰ੍ਹਾਂ ਸਕੂਲੀ ਵਰਦੀ ਨਾ ਪਾਉਣ ਦੇ ਦੋਸ਼ ਹੇਠ ਉਸਨੂੰ ਸਕੂਲੋਂ ਕੱਢ ਦਿੱਤਾ।

ਬੱਚਾ ਚੁਪ-ਚਾਪ ਕਲਾਸ ਵਿਚੋਂ ਬਾਹਰ ਆਇਆ। ਇੱਕ ਗੱਤੇ ਉਤੇ ਆਪਣੇ ਸਕੂਲ-ਨਿਕਾਲੇ ਦਾ ਸੰਖੇਪ ਵਰਣਨ ਲਿੱਖ ਕੇ ਗੱਤਾ ਛਾਤੀ ਤੇ ਬੰਨ੍ਹਿਆ ਅਤੇ ਬਸਤਾ ਗਲ ਵਿਚ ਪਾ ਕੇ ਸਕੂਲ ਦੇ ਬਾਹਰ ਸੜਕ ਦੇ ਕੰਢੇ ਖੜਾ ਹੋ ਗਿਆ। ਸ਼ਾਮ ਨੂੰ ਸਕੂਲ ਵਿਚ ਛੁੱਟੀ ਹੋ ਗਈ ਪਰ ਬੱਚਾ ਉੱਥੇ ਹੀ ਟਿਕਿਆ ਰਿਹਾ। ਲੰਘਦੇ ਪਲੰਘਦੇ ਲੋਕੀਂ ਉਸਨੂੰ ਵੇਖਦੇ, ਸਤਿਆਗ੍ਰਹਿ ਕਰਨ ਦਾ ਕਾਰਨ ਪੁਛਦੇ ਤੇ ਉਸ ਦੇ ਜਵਾਬ ਨੂੰ

ਪੁਰਅਸਰ ਮੰਨਦੇ ਹੋਏ ਹੈਡਮਾਸਟਰ ਨੂੰ ਬੁਰਾ ਭਲਾ ਕਹਿਣ ਲੱਗ ਜਾਂਦੇ । ਨਤੀਜਾ ਇਹ ਹੋਇਆ ਕਿ ਗਲ ਸਰਕਾਰ ਦੇ ਨੋਟਿਸ ਵਿਚ ਲਿਆਂਦੀ ਗਈ ।

ਅਗਲੇ ਦਿਨ ਸਿੱਖਿਆ ਵਿਭਾਗ ਦਾ ਇੱਕ ਵੱਡਾ ਅਫ਼ਸਰ ਕੁਲਵਿੰਦਰ ਸਿੰਘ ਕੋਲ ਆਇਆ, ਜਿਹੜਾ ਸਾਰੀ ਰਾਤ ਸਰਦੀ ਵਿਚ ਠਠੰਬਰਦਾ ਰਿਹਾ, ਪਰ ਆਪਣੇ ਮੋਰਚੇ ਤੇ ਡਟਿਆ ਰਿਹਾ । ਉਸ ਅਧਿਕਾਰੀ ਨੇ ਬੱਚੇ ਦੀ ਸਾਰੀ ਵਿਥਿਆ ਸੁਣਨ ਉਪਰੰਤ ਉਸ ਨੂੰ ਕੇਸਾਂ ਤੇ ਦਸਤਾਰ ਨਾਲ ਸਕੂਲ ਆਉਣ ਦੀ ਆਗਿਆ ਲੈ ਕੇ ਸਕੂਲ ਵਿਚ ਦੋਬਾਰਾ ਦਾਖ਼ਲ ਕਰਨ ਦੇ ਆਦੇਸ਼ ਸਕੂਲ ਅਧਿਕਾਰੀਆਂ ਨੂੰ ਦਿੱਤੇ ਤੇ ਇਸ ਤਰ੍ਹਾਂ ਸਾਰੇ ਇੰਗਲੈਂਡ ਨੂੰ ਕੰਨ ਹੋ ਗਏ ਕਿ ਸਿੱਖ ਲਈ ਦਸਤਾਰ ਅਤੇ ਕੇਸ ਕਿਤਨੇ ਮਹੱਤਵਪੂਰਨ ਹਨ ।

ਕੁਲਵਿੰਦਰ ਸਿੰਘ ਨਾਲ ਘਟੀ ਘਟਨਾ ਵਰਗੀ ਇੱਕ ਦਿਕਤ ਦਰਿਨੀਦਾਦ ਨਾਂ ਦੇ ਟਾਪੂ ਵਿਚ ਰਹਿੰਦੇ ਇੱਕ ਮੁਸਲਮਾਨ ਪਰਿਵਾਰ ਦੀ ਲੜਕੀ ਸੁਮਾਇਆ ਮੁਹੰਮਦ ਨੂੰ ਵੀ ਪੇਸ਼ ਆਈ ਜੋ ਹੋਲੀ ਨੇਮ ਕਾਨਵੰਟ ਸਕੂਲ ਵਿਚ ਪੜ੍ਹਦੀ ਹੈ । ਕੁਝ ਸਮਾਂ ਹੋਇਆ ਇਹ ਲੜਕੀ ਇਸਲਾਮੀ ਸ਼ਰੀਅਤ ਅਨੁਸਾਰ ਆਪਣਾ ਸਾਰਾ ਸਿਰ ਢੱਕ ਕੇ ਸਕੂਲ ਆਈ ਪਰ ਸਕੂਲ ਦੀ ਵਰਦੀ ਦੇ ਨਿਯਮਾਂ ਅਨੁਸਾਰ ਉਸ ਦਾ ਅਜਿਹਾ ਕਰਨਾ ਅਵਗਿਆ ਕਰਨਾ ਸਮਝਿਆ ਗਿਆ । ਪਰ ਉਸ ਦੇ

ਪਿਓ ਨੇ ਕਿਹਾ ਕਿ ਅਜਿਹਾ ਕਰਨਾ ਉਸ ਦੀ ਲੜਕੀ ਲਈ ਧਾਰਮਿਕ ਪੱਖੋਂ ਆਵੱਸ਼ਕ ਹੈ।

ਸਕੂਲ ਵਾਲਿਆਂ ਨੇ ਲੜਕੀ ਦੇ ਬਾਪ ਦੀ ਇੱਕ ਨਾ ਸੁਣੀ ਤੇ ਲੜਕੀ ਨੂੰ ਸਿਰ ਢੱਕ ਕੇ ਇਸਲਾਮੀ ਸ਼ਬਦਾਵਲੀ ਵਿਚ ਹਿਜਾਬ ਪਾ ਕੇ ਸਕੂਲ ਆਉਣ ਦੇ ਕਸੂਰ ਵਿਚ ਸਕੂਲੋਂ ਕੱਢ ਦਿੱਤਾ ਗਿਆ। ਲੜਕੀ ਦੇ ਪਿਤਾ ਨੇ ਅਦਾਲਤ ਵਿੱਚ ਕੇਸ ਕਰਦਿਆਂ ਉਸ ਦੇਸ਼ ਦੇ ਕੌਮੀ ਤਰਾਨੇ ਦਾ ਹਵਾਲਾ ਦੇਂਦਿਆਂ ਕਿਹਾ ਕਿ ਇਹ ਤਰਾਨਾ ਕਹਿੰਦਾ ਹੈ ਕਿ ਹਰ ਇੱਕ ਨਾਗਰਿਕ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਇਕੋ ਜਿਹੀ ਅਜ਼ਾਦੀ ਹੈ ਪਰ ਮੇਰੀ ਲੜਕੀ ਦੀ ਇਹ ਧਾਰਮਿਕ ਆਜ਼ਾਦੀ ਸਕੂਲ ਵੱਲੋਂ ਖੋਹ ਲਈ ਗਈ ਹੈ।

ਅਦਾਲਤ ਨੇ ਦੋਹਾਂ ਪੱਖਾਂ ਤੇ ਰਾਏ ਸੁਣ ਕੇ ਅੰਤਰਮ ਆਦੇਸ਼ ਲੜਕੀ ਦੇ ਹੱਕ ਵਿਚ ਦਿਤਾ ਕਿ ਜਦ ਤਕ ਪੂਰਾ ਪੱਕਾ ਫੈਸਲਾ ਨਹੀਂ ਦਿੱਤਾ ਜਾਂਦਾ, ਉਹ ਆਪਣੇ ਧਰਮ ਦੇ ਰਿਵਾਜ਼ ਅਨੁਸਾਰ ਸਿਰ ਢੱਕ ਕੇ ਸਕੂਲ ਆ ਸਕਦੀ ਹੈ। (ਹਵਾਲਾ ਅੰ. ਟਰਬਿਊਨ 29.1.95)। ਇਸ ਘਟਨਾ ਤੋਂ ਸਿੱਧ ਹੁੰਦਾ ਹੈ ਕਿ ਮੁਸਲਮਾਨ ਧਰਮ ਵਿਚ ਵੀ ਔਰਤਾਂ ਲਈ ਸਿਰ ਢੱਕ ਕੇ ਰੱਖਣ ਦੀ ਪੂਰੀ-ਪੂਰੀ ਬੰਦਸ਼ ਮੌਜੂਦ ਹੈ। ਇਸ ਬੰਦਸ਼ ਦੀ ਸ਼ਕਤੀ ਉਸ ਸਮੇਂ ਹੋਰ ਵੱਧ ਜਾਂਦੀ ਹੈ ਜਦ ਕਿਸੇ ਮਹਿਲਾ ਨੇ ਮਸਜਦ ਵਿਚ ਪ੍ਰਵੇਸ਼ ਕਰਨਾ ਹੋਵੇ।

ਲੱਖਾਂ ਟੀ.ਵੀ. ਦਰਸ਼ਕਾਂ ਨੇ ਦੇਖਿਆ ਹੋਵੇਗਾ ਕਿ ਜਦ ਇੰਗਲੈਂਡ ਦੀ ਮਹਾਰਾਣੀ ਇਲਜ਼ਬਥ ਦੂਜੀ ਅਕਤੂਬਰ 1997 ਵਿੱਚ ਪਾਕਿਸਤਾਨ ਤੇ ਭਾਰਤ ਦੇ ਦੌਰੇ ਤੇ ਆਈ ਤਾਂ ਇਸਲਾਮਾਬਾਦ ਵਿਖੇ ਇੱਕ ਮਸਜਦ ਵਿਚ ਜਾਣ ਲਗਿਆਂ ਉਸਨੇ ਹੈਟ ਨਾਲ ਢੱਕੇ ਆਪਣੇ ਸਿਰ ਨੂੰ ਮੁਸਲਮਾਨੀ ਰਿਵਾਜ਼ ਅਨੁਸਾਰ ਇੱਕ ਦੁਪੱਟੇ ਨਾਲ ਸਿਰ ਢੱਕਿਆ। ਕਿਉਂਕਿ ਅਜਿਹਾ ਕਰਨਾ ਜ਼ਰੂਰੀ ਸੀ।

ਇਹ ਘਟਨਾ ਇਸ ਗੱਲ ਨੂੰ ਹੋਰ ਪਰਪੱਕ ਕਰਦੀ ਹੈ ਕਿ ਮੁਸਲਮਾਨ ਔਰਤ ਨੂੰ ਸਿੱਖ ਮਰਦ ਅਤੇ ਔਰਤਾਂ ਵਾਂਗ ਸਿਰ ਢੱਕ ਕੇ ਰੱਖਣਾ ਚਾਹੀਦਾ ਹੈ ਅਤੇ ਮਸਜਦ ਵਿਚ ਜਾਣ ਲੱਗਿਆਂ ਤਾਂ ਹਰ ਪ੍ਰਕਾਰ ਦੀ ਮਹਿਲਾ ਨੂੰ ਇਵੇਂ ਹੀ ਕਰਨਾ ਪੈਂਦਾ ਹੈ। ਜਿਵੇਂ ਮਲਕਾ ਇਲਜ਼ਬਥ ਨੂੰ ਕਰਨਾ ਪਿਆ। ਮਰਦਾਂ ਲਈ ਵੀ ਅਜਿਹੀ ਸਖਤੀ ਹੈ ਪਰ ਉਹ ਕੋਈ ਨਾ ਕੋਈ ਹੁਜਤ ਕੱਢ ਕੇ ਬੱਚ ਨਿਕਲਣ ਦਾ ਆਪਣਾ ਰਾਹ ਬਣਾ ਲੈਂਦੇ ਹਨ।

ਆਓ ਸਿਰ ਢੱਕਣ ਦੀ ਇੱਕ ਘਟਨਾ ਦਾ ਸੰਖੇਪ ਜਿਹਾ ਵਰਣਨ ਹੋਰ ਜਾਣੀਏ।

23.12.82 ਦੀ ਲਾਸ ਐਂਜਲਸ ਟਾਈਮਜ਼ ਅਖ਼ਬਾਰ ਵਿੱਚ ਅਮਰੀਕਨ ਸਜੇ ਸਿੱਖ ਗੁਰੂ ਸੰਤ ਸਿੰਘ ਖਾਲਸਾ ਦੀ ਇੱਕ ਬਹੁਤ ਵੱਡੀ ਰਿਪੋਰਟ ਛੱਪੀ ਜਿਸ ਵਿਚ ਉਸਨੇ ਦਲੀਲਾਂ

ਨਾਲ ਮੰਗ ਕੀਤੀ ਹੈ ਕਿ ਅਮਰੀਕਾ ਵਰਗੇ ਲੋਕਤੰਤਰੀ ਤੇ ਖੁੱਲ੍ਹਦਿਲੇ ਦੇਸ਼ ਵਿਚ ਧਰਮ ਦੇ ਆਧਾਰ ਤੇ ਕਿਸੇ ਸ਼ਹਿਰੀ ਨਾਲ ਵਿਤਕਰਾ ਨਹੀਂ ਸ਼ੋਭਦਾ।

ਕਲਾਕਾਰ ਐਲਨ ਹੈਰਿਸ ਤੋਂ ਗੁਰੂ ਸੰਤ ਸਿੰਘ ਬਣੇ ਇਸ ਨੌਜਵਾਨ ਸਿੱਖ ਨੇ ਕਿਹਾ ਕਿ ਉਹ ਅਮਰੀਕਨ ਫੌਜ ਵਿਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਨਾ ਚਾਹੁੰਦਾ ਹੈ ਅਤੇ ਉਸਦਾ ਨਵਾਂ ਧਰਮ ਇਸ ਖੇਤਰ ਵਿੱਚ ਉਸ ਨੂੰ ਪਹਿਲੇ ਨਾਲੋਂ ਵੱਧ ਸ਼ਕਤੀਸ਼ਾਲੀ ਬਣਾਉਂਦਾ ਹੈ। ਇਤਿਹਾਸ ਦੱਸਦਾ ਹੈ ਕਿ ਸਿੱਖਾਂ ਵਰਗਾ ਸੂਰਮਾ ਕੋਈ ਨਹੀਂ ਅਤੇ ਸਾਰੀ ਦੁਨੀਆ ਫ਼ਖਰ ਨਾਲ ਇਨ੍ਹਾਂ ਨੂੰ ਜਮਾਂਦਰੂ ਫ਼ੌਜੀ ਕਹਿੰਦੀ ਹੈ।

ਹੈਰਿਸ ਕਹਿੰਦਾ ਹੈ ਕਿ ਮੇਰਾ ਦੇਸ਼ ਤੇ ਮੇਰਾ ਧਰਮ ਮੇਰੇ ਮਦਦਗਾਰ ਹੋਣੇ ਚਾਹੀਦੇ ਹਨ ਤੇ ਕਿਸੇ ਵੀ ਹਾਲਤ ਵਿਚ ਟਕਰਾਅ ਵਿਚ ਨਹੀਂ ਖੜਨੇ ਚਾਹੀਦੇ। ਕਿਉਂਕਿ ਦੋਨੋਂ ਮੇਰੀ ਬਿਹਤਰੀ ਚਾਹੁੰਦੇ ਹਨ।

ਉਸਨੇਂ ਅਮਰੀਕਨ ਫ਼ੌਜੀ ਅਫ਼ਸਰਾਂ ਦੀ ਇਸ ਰਿਪੋਰਟ ਦਾ ਖੰਡਨ ਕੀਤਾ ਕਿ ਜੰਗ ਵਿਚ ਦੁਸ਼ਮਣ ਵੱਲੋਂ ਗੈਸ ਵਰਤੇ ਜਾਣ ਦੀ ਸੂਰਤ ਵਿਚ ਪਗੜੀ ਅਤੇ ਦਾਹੜੀ ਉਤੇ ਗੈਸ ਮਾਸਕ (ਖੋਕਾ) ਠੀਕ ਨਹੀਂ ਬੰਨ੍ਹਿਆ ਜਾ ਸਕਦਾ। ਇਸ ਲਈ ਪਗੜੀ ਦਾਹੜੀ ਵਾਲੇ ਸਿੱਖ ਦਾ ਫ਼ੌਜ ਵਿਚ ਭਰਤੀ ਹੋਣਾ ਠੀਕ ਨਹੀਂ। ਗੁਰੂ ਸੰਤ ਸਿੰਘ ਨੇ ਕਿਹਾ ਕਿ ਜੇ ਕਰ ਅਜਿਹਾ ਹੁੰਦਾ ਹੈ ਤਾਂ

ਇਸ ਵਿਚ ਬੋਕੇ ਦਾ ਕਸੂਰ ਹੈ ਪਗੜੀ ਦਾਹੜੀ ਦਾ ਨਹੀਂ। ਅਜਿਹੇ ਮਾਸਕ ਬਣਨੇ ਚਾਹੀਦੇ ਹਨ ਜੋ ਜਾੜੀਆਂ ਲੋੜਾਂ ਦੇ ਯੋਗ ਹੋਣ।

ਗੌਰਮਿੰਟ ਨੇ ਫਿਰ ਢੁਚਰ ਡਾਹੀ ਕਿ ਮਾਸਕ ਪਾ ਕੇ ਦੌੜਿਆ ਨਹੀਂ ਜਾ ਸਕਦਾ ਤੇ ਇਸ ਤਰ੍ਹਾਂ ਬਿਪਤਾ ਦੀ ਘੜੀ ਵਿਚ ਜਾਨ ਨੂੰ ਖਤਰਾ ਹੋ ਸਕਦਾ ਹੈ। ਇਸ ਦਲੀਲ ਨੂੰ ਨਿਕਾਰਨ ਲਈ ਇੱਕ ਸਿੱਖ ਸਾਰਜੰਟ ਕਿਰਨ ਬੀਰ ਸਿੰਘ ਗਰੇਵਾਲ ਨੇ ਫੌਜ ਨੂੰ ਚੈਲੰਜ ਕੀਤਾ। ਉਸ ਨੇ ਮਾਸਕ ਪਾ ਕੇ ਤੰਤ ਬੈਠਕਾਂ ਕਢੀਆਂ ਅਤੇ 2 ਮੀਲ ਦੀ ਦੌੜ ਲਾਈ ਤੇ 5000 ਫੌਜੀਆਂ ਵਿਚ ਫਸਟ ਆਇਆ ਤੇ ਸਭ ਤੋਂ ਤੇਜ਼ ਦੌੜਾਕ ਘੋਸ਼ਤ ਹੋਇਆ। ਇਸ ਸਾਰੀ ਕਾਰਵਾਈ ਵਿਚ ਨਾ ਉਸ ਦਾ ਮਾਸਕ ਡਿੱਗਾ ਤੇ ਨਾ ਹੀ ਪਗੜੀ। ਹੋਰ ਕੋਈ ਚਾਰਾ ਸੁਝਦਾ ਨਾ ਦੇਖ ਕੇ ਹਾਲਾਤ ਨੂੰ ਆਪਣੇ ਪੱਖ ਵਿਚ ਕਰਨ ਲਈ ਫੌਜੀਆਂ ਨੇ ਕਲਾਰਕ ਦੇ ਪਿਤਾ ਤੱਕ ਵੀ ਰਸਾਈ ਕੀਤੀ ਜਿਸ ਨੇ ਕਿਹਾ ਕਿ ਇਹ ਠੀਕ ਹੈ ਕਿ ਸ਼ੁਰੂ ਸ਼ੁਰੂ ਵਿੱਚ ਉਹ ਆਪਣੇ ਪੁੱਤਰ ਦੇ ਨਵੇਂ ਧਰਮ ਨਾਲ ਸਹਿਮਤ ਨਹੀਂ ਸੀ ਪਰ ਜਦ ਉਸਨੇ ਆਪਣੇ ਪੁੱਤਰ ਦੇ ਨਵੇਂ ਧਰਮ ਗ੍ਰਹਿਣ ਨਾਲ ਉਸ ਵਿੱਚ ਹਰ ਲਿਹਾਜ਼ ਨਾਲ ਵਧੀਆ ਪਰਿਵਰਤਨ ਦੇਖਿਆ ਤਾਂ ਉਹ ਖੁਸ਼ ਹੋਇਆ ਕਿ ਉਸ ਦੇ ਪੁੱਤਰ ਨੇ ਸਿੱਖ ਸੱਜ ਕੇ ਚੰਗਾ ਕੀਤਾ ਹੈ।

ਸਿੱਖਾਂ ਦਾ ਇਤਿਹਾਸ ਬੜੀ ਸੂਰਬੀਰ ਇਤਿਹਾਸ ਹੈ ਤੇ ਉਸ ਵਿਰਸੇ ਕਰਕੇ ਉਸਦਾ ਪੁੱਤਰ ਬੇਹਤਰੀਨ ਫ਼ੌਜੀ ਬਣ ਸਕਦਾ ਹੈ। ਉਸਨੇ ਹੋਰ ਕਿਹਾ ਕਿ ਸਾਨੂੰ ਇਸ ਗੱਲ ਵੱਲ ਵਧੇਰੇ ਧਿਆਨ ਦੇਣਾ ਚਾਹੀਦੇ ਹਨ ਕਿ ਸਾਨੂੰ ਸਮਰਪਤ ਭਾਵਨਾ ਨਾਲ ਦੇਸ਼ ਰਖਿਅੱਕ ਫ਼ੌਜੀ ਚਾਹੀਦੇ ਹਨ ਨਾ ਕਿ ਇਸ ਗੱਲ ਵਿਚ ਵਿਅਰਥ ਸਮਾਂ ਗਵਾਉਣਾ ਚਾਹੀਦਾ ਹੈ ਕਿ ਉਸ ਦੀ ਦਾਹੜੀ ਤੇ ਚਿੱਟੀ ਪਗੜੀ ਕਿਉਂ ਹੈ ? ਇਸ ਲਈ ਫ਼ੌਜ ਤੇ ਅਮਰੀਕਨ ਸਰਕਾਰ ਦੋਹਾਂ ਨੂੰ ਇਨ੍ਹਾਂ ਲਾਈਨਾਂ ਤੇ ਸੋਚਣਾ ਚਾਹੀਦਾ ਹੈ ਜੋ ਜਾਇਜ਼ ਹੈ। ਇਸ ਬਿਨਾ ਤੇ ਗੁਰੂ ਸੰਤ ਸਿੰਘ ਨੂੰ ਫੌਜ ਵਿਚ ਦਾਖ਼ਲਾ ਮਿਲ ਗਿਆ ਤੇ ਇਵੇਂ ਅਮਰੀਕਾ ਅਤੇ ਕੈਨੇਡਾ ਵਿਚ ਹੋਰ ਸਿੰਘ ਵੀ ਪੁਲਿਸ ਅਤੇ ਫੌਜ ਵਿਚ ਸਿੱਖੀ ਬਾਣੇ ਸਹਿਤ ਪਰਵੇਸ਼ ਪਾ ਸਕੇ।

ਜਿਵੇਂ ਕੁਲਵਿੰਦਰ ਸਿੰਘ ਤੇ ਹੋਰ ਸਿੱਖਾਂ ਨੂੰ ਬਦੇਸ਼ਾਂ ਵਿਚ ਦਸਤਾਰ ਬੰਨ੍ਹ ਕੇ ਆਪਣੇ ਕੰਮ ਕਾਜ ਕਰਨ ਲਈ ਆਗਿਆ ਪ੍ਰਾਪਤ ਕਰਨ ਵਿਚ ਬਹੁਤ ਜਦੋ ਜਹਿਦ ਕਰਨੀ ਪਈ ਇਸੇ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਥਮ ਪ੍ਰਧਾਨ ਤੇ ਉੱਘੇ ਸੁਤੰਤਰਤਾ ਸੰਗਰਾਮੀਏ ਬਾਬਾ ਖੜਕ ਸਿੰਘ ਨੂੰ ਅੰਗਰੇਜ਼ ਰਾਜ ਸਮੇਂ ਭਾਰਤੀ ਜੇਲ੍ਹਾਂ ਵਿਚ ਕਾਲੇ ਰੰਗ ਦੀ ਪਗੜੀ ਬੰਨ੍ਹਣ ਲਈ ਵੀ ਬਹੁਤ ਵੱਡਾ ਸੰਘਰਸ਼ ਕਰਨਾ ਪਿਆ। ਅੰਗਰੇਜ਼ ਸਰਕਾਰ ਨੇ ਉਨ੍ਹਾਂ ਨੂੰ ਡੇਰਾ ਗਾਜ਼ੀ ਖਾਂ ਦੀ

ਜੇਲ੍ਹ ਵਿੱਚ ਬੰਦ ਕੀਤਾ ਹੋਇਆ ਸੀ। ਸਰਕਾਰ ਹਰ ਗੱਲੋਂ ਸੁਚੇਤਤਾ ਵਰਤ ਰਹੀ ਸੀ ਕਿ ਸਾਰੇ ਭਾਰਤੀ ਕਿਧਰੇ ਇੱਕੋ ਨੈਸ਼ਨਲ ਪੋਸ਼ਾਕ ਜਾਂ ਝੰਡੇ ਆਦਿ ਹੇਠ ਇਕੱਠੇ ਨਾ ਹੋ ਜਾਣ।

ਉਨ੍ਹਾਂ ਦਿਨਾਂ ਵਿਚ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਕਾਰਨ ਸਾਰੇ ਸਿੱਖਾਂ ਨੇ ਰੋਸ ਤੇ ਅਫ਼ਸੋਸ ਵਜੋਂ ਕ਼ਾਲੀ ਦਸਤਾਰ ਬੰਨ੍ਹਣੀ ਸ਼ੁਰੂ ਕੀਤੀ ਹੋਈ ਸੀ ਤੇ ਸਾਰੇ ਸਿੱਖ ਇਸੇ ਰੰਗ ਦੀ ਦਸਤਾਰ ਬੰਨ੍ਹ ਕੇ ਸੰਗਠਤ ਹੁੰਦੇ ਜਾਣ ਲੱਗ ਪਏ ਜਿਸ ਤੋਂ ਸਰਕਾਰ ਚਿੰਤਾਤੁਰ ਹੋ ਗਈ। ਇਸ ਲਈ ਅੰਗਰੇਜ਼ ਸਰਕਾਰ ਨੇ ਬਾਬਾ ਜੀ ਤੇ ਬੰਦਸ਼ ਲਗਾ ਦਿੱਤੀ ਕਿ ਉਹ ਕਾਲੇ ਰੰਗ ਦੀ ਪਗੜੀ ਨਹੀਂ ਬੰਨ੍ਹ ਸਕਦੇ।

ਬਾਬਾ ਜੀ ਨੇ ਇਸ ਆਦੇਸ਼ ਨੂੰ ਇਹ ਕਹਿ ਕੇ ਮੰਨਣੋਂ ਇਨਕਾਰ ਕਰ ਦਿੱਤਾ ਕਿ ਅੰਰਗੇਜ਼ ਕੌਣ ਹੁੰਦੇ ਉਨ੍ਹਾਂ ਨੂੰ ਇਹ ਹਦਾਇਤ ਕਰਨ ਵਾਲੇ ਕਿ ਉਹ ਕਿਹੜੇ ਰੰਗ ਦੀ ਪਗੜੀ ਬੰਨ੍ਹ ਸਕਦੇ ਹਨ ਤੇ ਕਿਹੜੇ ਰੰਗ ਦੀ ਨਹੀਂ। ਬਸ ਇਸ ਗੱਲ ਉਤੇ ਹੀ ਜੇਲ੍ਹ ਵਿਚ ਬਾਬਾ ਜੀ ਨੇ ਮੋਰਚਾ ਲਗਾ ਦਿੱਤਾ। ਅੰਗਰੇਜ਼ ਸਰਕਾਰ ਜਨਵਰੀ 1922 ਵਿਚ ਦਰਬਾਰ ਸਾਹਿਬ ਦੀਆਂ ਚਾਬੀਆਂ ਦੇ ਮੋਰਚੇ ਵਿਚ ਬਾਬਾ ਖੜਕ ਸਿੰਘ ਅੱਗੇ ਪਹਿਲੇ ਹੀ ਗੋਡੇ ਟੇਕ ਚੁੱਕੀ ਸੀ ਤੇ ਸਿੱਖਾਂ ਦੀ ਦ੍ਰਿੜਤਾ ਅੱਗੇ ਨਾ ਟਿਕਦਿਆਂ ਹੋਇਆਂ ਉਸ ਨੂੰ ਚਾਬੀਆਂ ਦੇ ਮੋਰਚੇ ਵਿਚ ਹਾਰ ਮੰਨਣੀ ਪਈ ਜਿਹੜੀ ਕੌਮ ਦੀ ਜਿੱਤ ਸੀ ਅਤੇ ਬਾਬਾ

ਖੜਕ ਸਿੰਘ ਦੀ ਦਲੇਰੀ ਦੀ ਜਿੱਤ ਸੀ ਜਿਸ ਤੇ ਮਹਾਤਮਾ ਗਾਂਧੀ ਨੇ ਬਾਬਾ ਜੀ ਨੂੰ ਤਾਰ ਪਾ ਕੇ ਕਿਹਾ ਸੀ ਕਿ ''ਸਿੱਖਾਂ ਨੇ ਆਜ਼ਾਦੀ ਦੀ ਪਹਿਲੀ ਲੜਾਈ ਜਿੱਤ ਲਈ ਹੈ, ਮੁਬਾਰਕਾਂ ਪ੍ਰਵਾਨ ਕਰਨਾ।''

ਆਪਣੀ ਪਹਿਲੀ ਹਾਰ ਨੂੰ ਧੋਣ ਲਈ ਇਸ ਵਾਰੀ ਇੰਗਲਿਸ਼ ਸਰਕਾਰ ਬਾਬਾ ਜੀ ਨੂੰ ਕਾਲੀ ਪਗੜੀ ਬੰਨ੍ਹਣ ਦੀ ਕਦੇ ਵੀ ਅਨੁਮਤੀ ਨਹੀਂ ਸੀ ਦੇਣਾ ਚਾਹੁੰਦੀ। ਜ਼ਿਆਦਤੀ ਕਰਦੇ ਹੋਏ ਸਰਕਾਰ ਨੇ ਬਾਬਾ ਜੀ ਦੀ ਪਗ ਜ਼ਬਰਦਸਤੀ ਲਾਹ ਸੁੱਟੀ। ਬਾਬਾ ਜੀ ਨੇ ਇਸ ਘਟੀਆ ਕਾਰਵਾਈ ਕਾਰਨ ਰੋਸ ਵਜੋਂ ਜੇਲ੍ਹ ਵਿਚ ਇੱਕ ਕਛਹਿਰੇ ਤੋਂ ਬਿਨਾਂ ਆਪਣੇ ਸਰੀਰ ਦਾ ਸਾਰੇ ਕਪੜਿਆਂ ਦਾ ਤਿਆਗ ਕਰ ਦਿੱਤਾ। ਉਨ੍ਹਾਂ ਦੇ ਦੇਖੋ ਦੇਖੀ ਬਾਕੀ ਸਿਆਸੀ ਭਾਰਤੀ ਕੈਦੀਆਂ ਨੇ ਵੀ ਇਵੇਂ ਹੀ ਕੀਤਾ। ਅੰਗਰੇਜ਼ ਸਰਕਾਰ ਨੇ ਬਾਬਾ ਜੀ ਤੇ ਤਸ਼ਦਦ ਕੀਤਾ। ਜਦ ਇਸ ਦਾ ਵੀ ਅਸਰ ਨਾ ਹੋਇਆ ਵੇਖਿਆ ਤਾਂ ਬਾਬਾ ਜੀ ਨੂੰ ਲਾਲਚ ਦਿੱਤੇ ਗਏ ਪਰ ਉਹ ਉਨ੍ਹਾਂ ਨੂੰ ਖਰੀਦ ਨਾ ਸਕੀ। ਸਾਢੇ ਪੰਜ ਸਾਲ ਇਹ ਮੋਰਚਾ ਜੇਲ੍ਹ ਵਿਚ ਜਾਰੀ ਰਿਹਾ।

ਬਾਬਾ ਜੀ ਨੇ ਸਰਦੀਆਂ ਗਰਮੀਆਂ ਜੇਲ੍ਹ ਵਿਚ ਕੇਵਲ ਇੱਕ ਕਛਹਿਰਾ ਪਾ ਕੇ ਕਟੀਆਂ ਅਤੇ ਆਪਣੇ ਇਸ ਐਲਾਨ ਤੇ ਹੀ ਦਰਿੜ ਰਹੇ ਕਿ ਉਹ ਕਪੜੇ ਤਦ ਹੀ ਪਾਉਣਗੇ ਜੇਕਰ ਉਨ੍ਹਾਂ ਨੂੰ ਆਪਣੇ ਸਿਰ ਤੇ ਕਾਲੇ ਰੰਗ ਦੀ ਪਗੜੀ ਬੰਨ੍ਹਣ ਦੀ

ਖੁਲ੍ਹ ਹੋਵੇਗੀ। ਅੰਤ ਬਾਬਾ ਖੜਕ ਸਿੰਘ ਦੇ ਸਮਰਥਣ ਵਿਚ ਪੰਜਾਬ ਵਿਧਾਨ ਸਭਾ ਨੇ 1927 ਵਿਚ ਮਤਾ ਪਾਸ ਕੀਤਾ ਤੇ ਸਰਕਾਰ ਨੂੰ ਉਨ੍ਹਾਂ ਨੂੰ ਬਿਨ੍ਹਾਂ ਸ਼ਰਤ ਛੱਡਣਾ ਪਿਆ ਤੇ ਇਸ ਤਰ੍ਹਾਂ ਆਜ਼ਾਦੀ ਲਈ ਜੂਝਦਾ ਇਹ ਮਰਜੀਵੜਾ ਜੇਲ੍ਹ ਵਿਚੋਂ ਕਾਲੇ ਰੰਗ ਦੀ ਦਸਤਾਰ ਸਜਾ ਕੇ ਹੀ ਬਾਹਰ ਨਿਕਲਿਆ ਤੇ ਹਰ ਪਾਸੇ ਇਸ ਸੂਰਬੀਰ ਦੀ ਇਸ ਦੂਜੀ ਜਿੱਤ ਤੇ ਬਹੁਤ ਖੁਸ਼ੀਆਂ ਮਨਾਈਆਂ ਗਈਆਂ ਤੇ ਇਵੇਂ ਪੰਜਾਬ ਦੇ ਇਸ ਬਹਾਦਰ ਸਪੁੱਤਰ ਨੇ ਸਾਢੇ ਪੰਜ ਸਾਲ ਬੇਸ਼ੁਮਾਰ ਕਸ਼ਟ ਝੱਲ ਕੇ ਵੀ ਦਸਤਾਰ ਨੂੰ ਆਪਣੀ ਮਰਜ਼ੀ ਦੇ ਰੰਗ ਵਿਚ ਬੰਨ੍ਹਣ ਸੰਬੰਧੀ ਕਾਮਯਾਬੀ ਪ੍ਰਾਪਤ ਕੀਤੀ।

ਇਸ ਲਾਮਿਸਾਲ ਕਾਰਨਾਮੇ ਉੱਤੇ ਇਤਿਹਾਸ ਅਜ ਵੀ ਬਾਬਾ ਖੜਕ ਸਿੰਘ ਤੇ ਬਜਾ ਫਖਰ ਕਰਦਾ ਹੈ ਤੇ ਉਨ੍ਹਾਂ ਦੇ ਮਤਿਕਾਰ ਵਿਚ ਨਵੀਂ ਦਿੱਲੀ ਦੀ ਇੱਕ ਪ੍ਰਮੁੱਖ ਸੜਕ ਦਾ ਨਾਂ ਬਾਬਾ ਖੜਕ ਸਿੰਘ ਮਾਰਗ ਰੱਖਿਆ ਗਿਆ ਹੈ। ਸਿੱਖ ਲਈ ਪਗੜੀ ਇੱਕ ਤਾਜ ਹੈ ਤੇ ਉਹ ਇਸ ਤੋਂ ਬਲਿਹਾਰੇ ਜਾਂਦਾ ਹੈ।

ਜਦ ਇੰਗਲੈਂਡ ਵਿੱਚ 1972-73 ਵਿੱਚ ਇਹ ਕਾਨੂੰਨ ਲਾਗੂ ਹੋਇਆ ਕਿ ਹਰ ਉਹ ਵਿਅਕਤੀ ਜੋ ਮੋਟਰ ਸਾਈਕਲ ਜਾਂ ਸਕੂਟਰ ਚਲਾਏਗਾ ਉਸ ਨੂੰ ਆਪਣੀ ਸੁਰੱਖਿਆ ਲਈ ਸਿਰ ਤੇ ਕਰੈਸ਼ ਹੈਲਮਟ (ਲੋਹ ਟੋਪ) ਪਾਉਣਾ ਪਵੇਗਾ ਤਾਂ

ਸਿੱਖ ਮੋਟਰ-ਸਾਈਕਲ ਸਵਾਰਾਂ ਤੇ ਦੋ ਪਹੀਆ ਵਾਹਨ ਚਲਾਉਣਾ ਸਮੱਸਿਆ ਬਣ ਗਈ। ਨਤੀਜੇ ਵਜੋਂ ਮਜ਼ਬੂਰਨ ਸਿੱਖਾਂ ਨੇ ਦੋ ਪਹੀਆ ਸਵਾਰੀ ਦੀ ਵਰਤੋਂ ਬੰਦ ਕਰ ਦਿੱਤੀ ਪਰ ਦਸਤਾਰਾਂ ਉਤੇ ਲੋਹ ਟੋਪ ਨਹੀਂ ਪਾਏ। ਆਖ਼ਿਰ ਇਸ ਮਸਲੇ ਤੇ ਮੋਰਚਾ ਲਗਾਉਣਾ ਪਿਆ। ਸਿੱਖਾਂ ਦਾ ਕੇਸ ਲੜਨ ਲਈ ਲੰਦਨ ਦੇ ਸਾਊਥ ਹਾਲ ਇਲਾਕੇ ਦੇ ਮੈਂਬਰ ਪਾਰਲੀਮੈਂਟ ਮਿਸਟਰ ਸਿਡਨੀ ਬਿਡਵਿਲ ਨੇ ਇਨ੍ਹਾਂ ਦਾ ਕੇਸ ਇੰਗਲੈਂਡ ਦੀ ਪਾਰਲੀਮੈਂਟ ਵਿਚ ਪਲੀਡ ਕੀਤਾ। ਲੇਖਕ ਵੀ ਉਨ੍ਹਾਂ ਦਿਨਾਂ ਵਿਚ ਇੰਗਲੈਂਡ ਵਿਚ ਸੀ ਤੇ ਹਰ ਕੋਈ ਦਸਤਾਰ ਬਚਾਓ ਕਮੇਟੀ ਲਈ ਸਮਗਰੀ ਇਕੱਤਰ ਕਰ ਕੇ ਮਿਸਟਰ ਬਿਡਵਿਲ ਨੂੰ ਦੇਣ ਲੱਗਾ।

ਨਤੀਜੇ ਵਜੋਂ ਇੰਗਲੈਂਡ ਦੀ ਪਾਰਲੀਮੈਂਟ ਵਿਚ 28.1.1975, 23.1.1976, 16.7.1976, 5.10.1976 ਅਤੇ 28.10.1976 ਨੂੰ ਦਸਤਾਰ ਦੇ ਮਸਲੇ ਨੂੰ ਲੈ ਕੇ ਸਾਰੀ ਸਾਰੀ ਰਾਤ ਬਹਿਸਾਂ ਹੋਈਆਂ। ਕਈ ਅੰਗਰੇਜ਼ ਪਾਰਲੀਮੈਂਟ ਮੈਂਬਰਾਂ ਨੇ ਸਿੱਖਾਂ ਲਈ ਕੇਸਾਂ ਤੇ ਦਸਤਾਰ ਦੀ ਧਾਰਮਿਕ ਸਮਾਜਿਕ ਅਤੇ ਇਖਲਾਕੀ ਮਹੱਤਤਾ ਦਰਸਾ ਕੇ ਸਾਰੇ ਇੰਗਲੈਂਡ ਨੂੰ ਦੰਗ ਕਰ ਦਿੱਤਾ। ਉਨ੍ਹਾਂ ਨੇ ਇੱਥੇ ਤੱਕ ਵੀ ਕਿਹਾ ਕਿ ਸਿੱਖ ਇਤਿਹਾਸ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਕੇਸ, ਦਾਹੜੀ, ਮੁੱਛਾਂ ਤੇ ਦਸਤਾਰ ਸਿੱਖ ਦੀ ਸ਼ਖਸ਼ੀਅਤ ਦਾ

ਅਨਿਖੜਵਾਂ ਅੰਗ ਹਨ। ਮਿਸਟਰ ਬਿਡਵਿਲ ਜੋ ਸਾਊਥ ਹਾਲ ਦੇ ਇਲਾਕੇ ਦੀ ਪਾਰਲੀਮੈਂਟ ਵਿਚ ਨੁਮਾਇੰਦਗੀ ਕਰਦਾ ਸੀ ਨੇ ਕਿਹਾ ਕਿ ਸਭ ਮੈਂਬਰ ਪਾਰਲੀਮੈਂਟ ਇਹ ਜਾਣ ਲੈਣ ਕਿ ਲੰਮੇ ਕੇਸ ਤੇ ਉਨ੍ਹਾਂ ਉੱਤੇ ਦਸਤਾਰ ਸਜਾਉਣੀ ਸਿੱਖਾਂ ਦੀ ਹਸਤੀ ਦੀ ਪਹਿਚਾਣ ਹੈ ਜਿਸ ਨੂੰ ਇਹ ਹਰ ਹਾਲਤ ਵਿਚ ਬਣਾਈ ਰੱਖਦੇ ਹਨ।

ਮੈਂ ਪਾਰਲੀਮੈਂਟ ਦੇ ਬਾਹਰ ਬਣ ਰਹੇ ਕਾਰ ਪਾਰਕ ਤੇ ਕੰਮ ਕਰ ਰਹੇ ਇੱਕ ਪਗੜੀ ਬੱਧੇ ਸਰਦਾਰ ਤੋਂ ਪੁਛਿਆ ਕਿ ਜੇਕਰ ਤੈਨੂੰ ਸਿਰ ਤੇ ਹਿਫਾਜਤੀ ਲੋਹ ਟੋਪ ਪਾ ਕੇ ਕੰਮ ਕਰਨਾ ਪਿਆ ਤਾਂ ਤੂੰ ਕੀ ਕਰੇਂਗਾ ? ਉਸ ਨੇ ਸਾਧਾਰਨ ਉੱਤਰ ਦਿੱਤਾ ਕਿ ਨੌਕਰੀ ਛੱਡ ਦੇਵਾਂਗਾ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਸਿੱਖ ਆਪਣੇ ਧਾਰਮਿਕ ਅਸੂਲਾਂ ਦੀ ਬਹੁਤ ਕਦਰ ਕਰਦੇ ਹਨ। ਸਿੱਖ ਬਹੁਤ ਹੀ ਮਿਹਨਤੀ ਹਨ ਅਤੇ ਬਰਤਾਨਵੀ ਸਮਾਜ ਵਿਚ ਆਪਣੇ ਗੁਣਾਂ ਕਰਕੇ ਆਪਣਾ ਤਸੱਲਤ ਜਮਾ ਰਹੇ ਹਨ। ਇਹ ਰੱਜ ਕੇ ਵਫ਼ਾਦਾਰ ਹਨ, ਕਾਨੂੰਨ ਦੇ ਪਾਬੰਦ ਹਨ, ਸਮਰਪਿਤ ਭਾਵਨਾ ਵਾਲੇ ਬੰਦੇ ਹਨ ਜਿਨ੍ਹਾਂ ਤੇ ਪੂਰਾ-ਪੂਰਾ ਮਾਣ ਕੀਤਾ ਜਾ ਸਕਦਾ ਹੈ। ਅਜਿਹੇ ਮਨੁੱਖਾਂ ਨੂੰ ਜੇ ਅਸੀਂ ਇਨਸਾਫ਼ ਦੇਵਾਂਗੇ ਤਾਂ ਆਉਣ ਵਾਲਾ ਕੱਲ੍ਹ ਸਾਡੇ ਅੱਜ ਦੇ ਉਦਾਰਚਿਤ ਅਤੇ ਸਹਿਨਸ਼ੀਲਤਾ ਵਾਲੇ ਵਿਹਾਰ ਤੇ ਸਾਨੂੰ ਸਲਾਹੇਗਾ, ਵਰਨਾ, ਅਸੀਂ ਗ਼ੈਰ-ਮੁਹਜ਼ਬ ਤੇ ਘਟੀਆ

ਅਖਵਾਵਾਂਗੇ ।

ਇੰਗਲੈਂਡ ਦੇ ਇੱਕ ਉੱਘੇ ਸਾਬਕਾ ਪ੍ਰਧਾਨ ਮੰਤਰੀ ਮਿਸਟਰ ਚਰਚਲ ਨੇ ਸਿੱਖਾਂ ਦੇ ਕੇਸਾਂ, ਦਸਤਾਰ ਤੇ ਇਖਲਾਕ ਬਾਰੇ ਪਾਰਲੀਮੈਂਟ ਵਿੱਚ ਇਵੇਂ ਕਿਹਾ ਕਿ ਇਹ ਅਫ਼ਸੋਸ ਦੀ ਗੱਲ ਹੈ ਕਿ ਮੌਜੂਦਾ ਸਮੇਂ ਦੇ ਖਫ਼ਤ ਕਾਰਨ ਲੋਕੀ ਚੰਗੀਆਂ-ਚੰਗੀਆਂ ਧਾਰਮਿਕ ਤੇ ਸਮਾਜਿਕ ਕੀਮਤਾਂ ਕਦਰਾਂ ਨੂੰ ਭੰਨ ਤੋੜ ਰਹੇ ਹਨ ਪਰ ਜਿਹੜੇ ਇਨ੍ਹਾਂ ਨੂੰ ਸਤਿਕਾਰ ਨਾਲ ਸੰਭਾਲ ਕੇ ਰੱਖਣਾ ਚਾਹੁੰਦੇ ਹਨ ਸਾਨੂੰ ਉਹਨਾਂ ਦੀ ਸ਼ਲਾਘਾ ਕਰਨੀ ਚਾਹੀਦੀ ਹੈ ਤੇ ਨਾਲ-ਨਾਲ ਮਦਦ ਵੀ । ਸਿੱਖ ਅਜਿਹੇ ਕਾਰਜ ਲਈ ਹੀ ਸਾਡੀ ਮਦਦ ਚਾਹੁੰਦੇ ਹਨ ਜਿਹੜੀ ਸਾਨੂੰ ਖੁਸ਼ੀ-ਖੁਸ਼ੀ ਦੇਣੀ ਚਾਹੀਦੀ ਹੈ ।

ਜਿਹੜਾ ਵਿਅਕਤੀ ਸਿੱਖ ਇਤਿਹਾਸ ਨੂੰ ਜਾਣਦਾ ਹੈ, ਇੰਗਲੈਂਡ ਦਾ ਸਿੱਖਾਂ ਨਾਲ ਰਿਸ਼ਤਾ ਜਾਣਦਾ ਹੈ, ਸਿੱਖ ਕੌਮ ਦੇ ਕਾਰਨਾਮਿਆਂ ਤੋਂ ਵਾਕਫ਼ ਹੈ ਉਸ ਨੂੰ ਇਸ ਗੱਲ ਦਾ ਡੱਟ ਕੇ ਸਮਰਥਨ ਕਰਨਾ ਚਾਹੀਦਾ ਹੈ ਿ ਸਿੱਖ ਨੂੰ ਪਗੜੀ ਬੰਨ੍ਹ ਕੇ ਦੋ-ਪਹੀਆ ਗੱਡੀ ਚਲਾਉਣ ਦੀ ਛੋਟ ਹੋਣੀ ਚਾਹੀਦੀ ਹੈ । ਕਿਉਂਕਿ ਉਹ ਉਸਦਾ ਧਾਰਮਿਕ ਹੱਕ ਹੈ । ਚਰਚਲ ਨੇ ਅੱਗੇ ਚਲ ਕੇ ਹੋਰ ਕਿਹਾ ਕਿ ਅੰਗਰੇਜ਼ ਕੌਮ ਦੇ ਸਿਰ ਤੇ ਸਿੱਖਾਂ ਦਾ ਬੜੀ ਦੇਰ ਤੋਂ ਚਲਿਆ ਆ ਰਿਹਾ ਅਹਿਸਾਨਮੰਦੀ ਦਾ ਭਾਰੀ ਕਰਜ਼ ਹੈ । ਮੈਂ ਜਾਣਦਾ ਹਾਂ ਕਿ ਇਸੇ ਸਦੀ ਵਿਚ ਦੋ ਵਾਰੀ

ਜਦੋਂ ਅਸੀਂ ਬਿਪਤਾ ਵਿੱਚ ਸਾਂ ਤੇ ਸਾਨੂੰ ਇਨ੍ਹਾਂ ਦੀ ਲੋੜ ਸੀ, ਤਦ ਇਹ ਚੰਗੀ ਤਰ੍ਹਾਂ ਸਾਨੂੰ ਬੁਹੁੜੇ ਜਿਸ ਦੀ ਬਦੌਲਤ ਅਸੀਂ ਅੱਜ ਅੱਣਖ, ਮਾਣ ਤੇ ਆਜ਼ਾਦੀ ਨਾਲ ਜੀ ਰਹੇ ਹਾਂ। ਦੋਨੋਂ ਵਿਸ਼ਵ ਮਹਾਂ-ਯੁੱਧਾਂ ਵਿਚ ਇਹ ਪਗੜੀਆਂ ਬੰਨ੍ਹ ਕੇ ਹੀ ਸਾਡੀ ਮਦਦ ਲਈ ਮਰਦੇ ਰਹੇ। ਉਸ ਸਮੇਂ ਅਸੀਂ ਇਸ ਗੱਲ ਤੇ ਬਿਲਕੁਲ ਬਜ਼ਿਦ ਨਹੀਂ ਹੋਏ ਕਿ ਇਹ ਲੋਹ-ਟੋਪ ਪਾਉਣ ਕਿਉਂਕਿ ਸਾਨੂੰ ਪਤਾ ਸੀ ਕਿ ਇਨ੍ਹਾਂ ਨੇ ਨਹੀਂ ਪਾਉਣੇ ਤੇ ਅਸੀਂ ਇਨ੍ਹਾਂ ਦੀ ਮਦਦ ਤੋਂ ਵਾਂਝੇ ਰਹਿ ਜਾਣਾ ਹੈ। ਉਸ ਵਕਤ ਅਸੀਂ ਆਪਣੀ ਮੰਦਹਾਲੀ ਕਾਰਨ ਇਨ੍ਹਾਂ ਨੂੰ ਲੋਹ-ਟੋਪ ਪਾਉਣ ਲਈ ਮਜ਼ਬੂਰ ਨਹੀਂ ਕੀਤਾ। ਹੁਣ ਸਾਨੂੰ ਇਹਨਾਂ ਦੀਆਂ ਰਵਾਇਤਾਂ ਤੇ ਭਾਵਨਾਵਾਂ ਦਾ ਸਨਮਾਨ ਕਰਦੇ ਹੋਏ ਇਨ੍ਹਾਂ ਨੂੰ ਇਹ ਜਾਇਜ਼ ਛੋਟ ਦੇ ਕੇ ਇਨ੍ਹਾਂ ਦੀ ਵਾਹ-ਵਾਹ ਖਟਣੀ ਚਾਹੀਦੀ ਹੈ।

ਇਸੇ ਗੱਲ ਨੂੰ ਅੱਗੇ ਤੋਰਦਿਆਂ ਹੋਇਆਂ ਇੱਕ ਹੋਰ ਮੈਂਬਰ ਪਾਰਲੀਮੈਂਟ ਲਾਰਡ ਮੋਬਰੇ ਨੇ ਜੋ ਸ਼ਬਦ ਸਿੱਖਾਂ ਦੀ ਸ਼ਾਨ ਵਿਚ ਕਹੇ ਉਨ੍ਹਾਂ ਦੀ ਵੀ ਸੰਖੇਪ ਜਿਹੀ ਝਲਕ ਨਿਮਨ ਦਰਜ ਕੀਤੀ ਜ਼ਾਂਦੀ ਹੈ। ਉਹ ਕਹਿੰਦਾ ਹੈ, ਸਿੱਖ ਵੀ ਕਮਾਲ ਦੇ ਮਨੁੱਖ ਹਨ। ਮੈਂ ਇਨ੍ਹਾਂ ਦੀ ਅਨੁਸ਼ਾਸ਼ਨ ਬੱਧਤਾ, ਵਫ਼ਾਦਾਰੀ ਤੇ ਕਰਤੱਵ ਪਾਲਣਾ ਦੀ ਇੱਕ ਸ਼ਾਨਦਾਰ ਮਿਸਾਲ ਹਾਊਸ ਨੂੰ ਦੱਸੇ ਬਿਨ੍ਹਾਂ ਨਹੀਂ ਰਹਿ ਸਕਦੇ ਜੋ ਇਵੇਂ ਹੈ :-

ਪਹਿਲੇ ਮਹਾਂ ਯੁੱਧ ਸਮੇਂ 4 ਜੁਲਾਈ 1915 ਨੂੰ ਸਵੇਰੇ ਸਿੱਖ ਰਜਮੰਟ ਗੋਲੀਪੋਲੀ (ਤੁਰਕੀ) ਵਿਖੇ ਜੰਗ ਕਰਨ ਗਈ। ਇਸ ਵਿਚ 10 ਅਫ਼ਸਰ ਤੇ 700 ਜਵਾਨ ਸਨ। ਸ਼ਾਮ ਤੱਕ 2 ਅਫ਼ਸਰ ਤੇ 70 ਜਵਾਨ ਰਹਿ ਗਏ, ਬਾਕੀ ਸਾਰੇ ਸ਼ਹੀਦ ਹੋ ਗਏ ਪਰ ਇਹ ਮੋਰਚੇ ਤੇ ਡਟੇ ਰਹੇ ? ਇਹ ਤਾਂ ਸੋਚੋ ਕਿ ਆਖਿਰ ਇਹ ਕਿਸ ਲਈ ਲੜ ਰਹੇ ਸਨ ? ਆਪਣੇ ਲਈ ? ਹਰਗਿਜ਼ ਨਹੀਂ। ਸਾਡੇ ਜਾਂ ਇਵੇਂ ਕਹਿ ਲਵੋ ਕਿ ਫਰਜ਼ਾਂ ਦੀ ਪੂਰਤੀ ਲਈ ਜੂਝ ਰਹੇ ਸਨ। ਅਜਿਹਾ ਕਰਨ ਦੀ ਪੂਰੀ ਪੱਕੀ ਤਾਕੀਦ ਇਨ੍ਹਾਂ ਦੇ ਗੁਰੂ ਸਾਹਿਬਾਨ ਨੇ ਤੇ ਧਰਮ ਨੇ ਇਨ੍ਹਾਂ ਨੂੰ ਦਿੱਤੀ ਹੋਈ ਹੈ। ਇਸ ਲਈ ਇਨ੍ਹਾਂ ਦੇ ਧਾਰਮਿਕ ਚਿੰਨ੍ਹ ਕੇਸਾਂ ਤੇ ਦਸਤਾਰ ਦਾ ਸਾਨੂੰ ਪੂਰਾ-ਪੂਰਾ ਸਤਿਕਾਰ ਕਰਨਾ ਚਾਹੀਦਾ ਹੈ। ਸਾਡਾ ਇਹ ਇਖਲਾਕੀ ਫ਼ਰਜ਼ ਵੀ ਬਣਦਾ ਹੈ।

ਅੰਤ ਸਿੱਖਾਂ ਦੇ ਧਾਰਮਿਕ ਜਜ਼ਬਾਤਾਂ ਦੀ ਕਦਰ ਕਰਦਿਆਂ ਹੋਇਆਂ ਇਨ੍ਹਾਂ ਨੂੰ ਦਸਤਾਰ ਬੰਨ੍ਹ ਕੇ ਹੀ ਇੰਗਲੈਂਡ ਦੀਆਂ ਸੜਕਾਂ ਤੇ ਮੋਟਰ ਸਾਈਕਲ, ਸਕੂਟਰ ਚਲਾਉਣ ਦੀ ਛੋਟ ਮਿਲੀ। ਸਬੰਧਿਤ ਐਕਟ ਵਿੱਚ ਤਰਮੀਮ ਹੋਈ ਜਿਸ ਦਾ ਅਸਰ ਬਾਕੀ ਦੁਨੀਆ ਵਿਚ ਰਹਿੰਦੇ ਸਿੱਖਾਂ ਤੇ ਵੀ ਬੜਾ ਸੁਖਾਵਾਂ ਪਿਆ ਅਤੇ ਸਿੰਘਾਂ ਨੂੰ ਹੁਣ ਲਗਭਗ ਸਾਰੀ ਦੁਨੀਆ ਵਿਚ ਕੇਸ ਦਾਹੜੀ ਰੱਖ ਕੇ ਦਸਤਾਰ ਸਜਾ ਕੇ ਨੌਕਰੀ ਕਰਨ, ਵਾਹਣ ਚਲਾਉਣ ਤੇ ਵਰਦੀ ਪਾਉਣ, ਸਮਾਜਿਕ, ਧਾਰਮਿਕ,

ਭਾਈਚਾਰਕ, ਇਕੱਠਾਂ ਵਿਚ ਜਾਣ ਦੀ ਖੁਲ੍ਹ ਮਿਲ ਚੁੱਕੀ ਹੈ, ਉਕਤ ਘਟਨਾਵਾਂ ਸਪੱਸ਼ਟ ਕਰਦੀਆਂ ਹਨ ਕਿ ਸਿੱਖਾਂ ਲਈ ਧਰਮ, ਕੇਸ ਤੇ ਦਸਤਾਰ ਕਿਤਨੀ ਮਹਾਨਤਾ ਰੱਖਦੇ ਹਨ ਅਤੇ ਇਸ ਮਹਾਨਤਾ ਨੂੰ ਉਨ੍ਹਾਂ ਆਪਣੇ ਦੇਸ਼ ਤੋਂ ਬਾਹਰ ਵੀ ਕਾਇਮ ਰੱਖਕੇ ਆਪਣੀ ਤੇ ਦੇਸ਼ ਦੀ ਸ਼ਾਨ ਸਵਾਈ ਕੀਤੀ ਹੈ। ਉਹ ਜਾਣਦੇ ਹਨ ਕਿ :-

ਜਿਹਦਾ ਕੋਈ ਧਰਮ ਤੇ ਈਮਾਨ ਹੀ ਨਹੀਂ
ਸਚ ਪੁੱਛੋ ਉਹ ਤਾਂ ਇਨਸਾਨ ਹੀ ਨਹੀਂ
ਕੌਮ ਨਾਲ ਜਿਸ ਦਾ ਪਿਆਰ ਹੀ ਨਹੀਂ
ਦੇਸ਼ ਦਾ ਉਹ ਸੱਚਾ ਵਫ਼ਾਦਾਰ ਹੀ ਨਹੀਂ

ਧੰਨਵਾਦ ਸਹਿਤ ਪੁਸਤਕ 'ਕੇਸ ਪ੍ਰਸੰਗ' ਵਿਚੋਂ।

## ਬੇਨਤੀ !

**ਕੌਮ ਦੇ ਆਗੂਓ ! ਲੀਡਰੋ ! ਪ੍ਰਚਾਰਕੋ ਤੇ ਗੁਰਦੁਆਰਿਆਂ ਅਤੇ ਧਾਰਮਿਕ ਸਭਾ ਸੁਸਾਇਟੀਆਂ ਦੇ ਪ੍ਰਬੰਧਕੋ !!**

ਜ਼ਰਾ ਆਪਣੇ ਘਰ ਵੱਲ, ਆਪਣੇ ਗਲੀ-ਮੁਹੱਲੇ ਤੇ ਪਿੰਡ-ਸ਼ਹਿਰ ਵਿਚ ਵਸਦੀ ਸਿੱਖ ਵਸੋਂ ਵੱਲ ਜ਼ਰਾ ਨਜ਼ਰ ਮਾਰੋ ਕਿ ਸਾਡੇ ਕਿਤਨੇ ਹੀ ਨੌਜਵਾਨ ਬੱਚੇ ਬੱਚੀਆਂ ਸਿੱਖੀ ਸਰੂਪ ਨੂੰ ਵਿਗਾੜਨ ਵਿਚ ਲੱਗੇ ਹੋਏ ਹਨ ਤੇ ਅਸੀਂ ਤੁਸੀਂ ਉਨ੍ਹਾਂ ਦਾ ਕੀ ਉਪਾਅ ਕਰ ਰਹੇ ਹਾਂ ? ਜ਼ਰਾ ਸੋਚੋ ਤਾਂ ਸਹੀ !!

**ਪ੍ਰਾਰਥਕ**